# 520 ਗ੍ਰਾਮ ਨਸ਼ੇ ਵਾਲੇ ਪਦਾਰਥ ਸਮੇਤ ਔਰਤ ਕਾਬੂ



ਰੂਪਨਗਰ, 10 ਅਪ੍ਰੈਲ (ਵਿਜੇ)- ਰੂਪਨਗਰ ਦੇ ਥਾਣਾ ਸਿਟੀ ਪੁਲਸ ਨੇ 520 ਗ੍ਰਾਮ ਨਸ਼ੇ ਵਾਲੇ ਪਦਾਰਥ ਸਮੇਤ ਇਕ ਔਰਤ ਨੂੰ ਕਾਬੂ ਕੀਤਾ ਹੈ। ਜਾਣਕਾਰੀ ਮੁਤਾਬਿਕ ਥਾਣਾ ਸਿਟੀ ਦੇ ਏ. ਐੱਸ. ਆਈ. ਬਲਵੀਰ ਸਿੰਘ ਸਮੇਤ ਪੁਲਸ ਪਾਰਟੀ ਘਨੌਲੀ ਹਾਈਵੇ ਤੋਂ ਮਿੰਨੀ ਬਾਈਪਾਸ ਸਦਾਵਰਤ ਨੇੜੇ ਹੋਲੀ ਫੈਮਿਲੀ ਸਕੂਲ ਆ ਰਹੇ ਸਨ ਕਿ ਉਨ੍ਹਾਂ ਨੂੰ ਇਕ ਔਰਤ ਕਣਕ ਦੇ ਡੰਪ ਦੀ ਕੰਧ ਦੇ ਨਾਲ ਖੜ੍ਹੀ ਦਿਖਾਈ ਦਿੱਤੀ ਜਿਸ ਨੇ ਹੱਥ ਵਿਚ ਇਕ ਮੋਮੀ ਪਾਰਦਰਸ਼ੀ ਲਿਫਾਫਾ ਫੜਿਆ ਹੋਇਆ ਸੀ ਅਤੇ ਉਸ ਨੇ ਇਹ ਲਿਫਾਫਾ ਕੰਧ ਵੱਲ ਛੋਟੀਆਂ ਝਾੜੀਆਂ ਵੱਲ ਨੂੰ ਸੁੱਟ ਕੇ ਖਿਸਕਣ ਦੀ ਕੋਸ਼ਿਸ਼ ਕੀਤੀ ਜਿਸ ਨੂੰ ਉਨ੍ਹਾਂ ਨੇ ਕਾਬੂ ਕਰ ਲਿਆ। ਸੁੱਟੇ ਗਏ ਮੋਮੀ ਲਿਫਾਫੇ ਦੀ ਜਦੋਂ ਤਲਾਸ਼ੀ ਲਈ ਤਾਂ ਉਸ 'ਚੋਂ 520 ਗ੍ਰਾਮ ਨਸ਼ੇ ਵਾਲਾ ਪਦਾਰਥ (ਗਾਂਜਾ) ਬਰਾਮਦ ਹੋਇਆ।

ਜਗ ਬਾਣੀ
ਈ-ਪੇਪਰ
Mon,1
Editio